# PSEB Class 8 Social Science Model Paper PDF in Punjabi

ਮਾਡਲ ਟੈਸਟ ਪੇਪਰ (ਸੈਸ਼ਨ 2020-21)

ਵਿਸ਼ਾ- ਸਮਾਜਿਕ ਵਿਗਿਆਨ

ਸਮਾਂ 3 ਘੰਟੇ ਲਿਖਤੀ-70 ਅੰਕ

ਆਂਤਰਿਕ ਮੁਲਾਂਕਣ-30 ਅੰਕ

ਕੁੱਲ-100 ਅੰਕ

ਪ੍ਰਸ਼ਨ ਪੱਤਰ ਦੀ ਰੂਪ ਰੇਖਾ

1. ਸਾਰੇ ਪ੍ਰਸ਼ਨ ਲਾਜ਼ਮੀ ਹਨ।
2. ਪ੍ਰਸ਼ਨ ਪੱਤਰ ਦੇ ਚਾਰ ਭਾਗ (ੳ, ਅ, ੲ,ਸ) ਹੋਣਗੇ।

ਭਾਗ-ੳ

(ਬਹੁਵਿਕਲਪੀ ਪ੍ਰਸ਼ਨ)

ਬਹੁਵਿਕਲਪੀ ਪ੍ਰਸ਼ਨ :ਇਸ ਭਾਗ ਵਿੱਚ ਭੂਗੋਲ, ਇਤਿਹਾਸ ਅਤੇ ਨਾਗਰਿਕ ਸ਼ਾਸਤਰ ਵਿਸ਼ੇ ਦੇ ਕੁੱਲ 15 ਬਹੁਵਿਕਲਪੀ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦਾ 1 ਅੰਕ ਹੋਵੇਗਾ। 15×1=15 ਅੰਕ

1. ਧਰਤੀ ਦੇ ਕਿੰਨ੍ਹੇ ਪ੍ਰਤੀਸ਼ਤ ਜੀਵ ਸਮੁੰਦਰਾਂ ਤੋਂ ਉਤਪੰਨ ਹੁੰਦੇ ਹਨ?

(ੳ) 50% (ਅ) 75%

(ੲ) 60% (ਸ) 80%

2. ਕਿਸ ਕਿਸਮ ਦੀ ਮਿੱਟੀ ਦਾ ਖੇਤੀਬਾੜੀ ਨੂੰ ਪ੍ਰਫੁਲਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਹੈ?

(ੳ) ਲੈਟਰਾਈਟ ਮਿੱਟੀ (ਅ) ਜਲੋਢ ਮਿੱਟੀ

(ੲ) ਲਾਲ ਮਿੱਟੀ (ਸ) ਮਾਰੂਥਲੀ ਮਿੱਟੀ

3. ਜਿਨ੍ਹਾਂ ਇਲਾਕਿਆਂ ਵਿੱਚ ਵਰਖਾ 50 ਸੈਂਟੀਮੀਟਰ ਸਾਲਾਨਾ ਤੋਂ ਘੱਟ ਹੁੰਦੀ ਹੈ, ਉੱਥੇ ਕਿਸ ਕਿਸਮ ਦੀ ਖੇਤੀ ਕੀਤੀ ਜਾਂਦੀ ਹੈ?

(ੳ) ਸੰਘਣੀ ਖੇਤੀ (ਅ) ਖੁਸ਼ਕ ਖੇਤੀ

(ੲ) ਮਿਸ਼ਰਤ ਖੇਤੀ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

4. ਹੇਠ ਲਿਖਿਆਂ ਵਿੱਚੋਂ ਕਿਹੜੀ ਕੁਦਰਤੀ ਆਫ਼ਤ ਨਹੀਂ ਹੈ?

(ੳ) ਸੁਨਾਮੀ (ਅ) ਭੁਚਾਲ

(ੲ) ਬੰਬ ਧਮਾਕੇ (ਸ) ਹੜ੍ਹ

5. 1943 ਵਿੱਚ ਕਿਸ ਦੇਸ਼ ਵਿੱਚ ਜਵਾਲਾਮੁੱਖੀ ਫੱਟਣ ਦੇ ਨਾਲ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ?

(ੳ) ਮੈਕਸੀਕੋ (ਅ) ਭਾਰਤ

(ੲ) ਚੀਨ (ਸ) ਅਮਰੀਕਾ

6. ਹੇਠ ਲਿਖਿਆ ਵਿੱਚੋਂ ਕਿਹੜੇ ਤੱਤ ਖੇਤੀਬਾੜੀ ਨੂੰ ਪ੍ਰਭਾਵਿਤ ਕਰਦੇ ਹਨ?

(ੳ) ਜਲਵਾਯੂ (ਅ) ਮਿੱਟੀ ਦੀ ਕਿਸਮ

(ੲ) ਸਿੰਚਾਈ ਸਹੂਲਤਾਂ (ਸ) ਉਪਰੋਕਤ ਸਾਰੇ

7. ਮਹਾਰਾਣੀ ਏਲਿਜ਼ਾਬੇਥ ਪਹਿਲੀ ਨੇ ਈਸਟ ਇੰਡੀਆ ਕੰਪਨੀ ਨੂੰ ਭਾਰਤ ਨਾਲ ਵਪਾਰ ਕਰਨ ਦਾ ਕਿੰਨੇ ਸਮੇਂ ਲਈ ਏਕਾਧਿਕਾਰ ਦਿੱਤਾ?

(ੳ) ਜਲਵਾਯੂ (ਅ) ਮਿੱਟੀ ਦੀ ਕਿਸਮ

(ੲ) ਸਿੰਚਾਈ ਸਹੂਲਤਾਂ (ਸ) ਉਪਰੋਕਤ ਸਾਰੇ

8. ਪਲਾਸੀ ਦੀ ਲੜਾਈ ਅੰਗਰੇਜਾਂ ਅਤੇ ਕਿਸ ਨਵਾਬ ਦਰਮਿਆਨ ਹੋਈ?

(ੳ) ਨਵਾਬ ਮੀਰ ਕਾਸਿਮ (ਅ) ਨਵਾਬ ਮੀਰ ਜਾਫ਼ਰ

(ੲ) ਨਵਾਬ ਸਿਰਾਜ਼-ਉਦ-ਦੌਲਾ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

9. ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਦਾ ਵਿਸਥਾਰ ਹੋਣ ਨਾਲ ਪਿੰਡਾ ਅਤੇ ਸ਼ਹਿਰਾਂ ਵਿੱਚ ਕਿਸ ਚੀਜ਼ ਦਾ ਪਤਨ ਹੋਣਾ ਸ਼ੁਰੂ ਹੋ ਗਿਆ?

(ੳ) ਖੇਤੀਬਾੜੀ (ਅ) ਲਘੂ-ਉਦਯੋਗ

(ੲ) ਪਸ਼ੂਆਂ ਦਾ ਵਪਾਰ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

10. 1857 ਈ. ਦਾ ਵਿਦਰੋਹ ਸਭ ਤੋਂ ਪਹਿਲਾ ਕਿੱਥੇ ਸ਼ੁਰੂ ਹੋਇਆ?

(ੳ) ਅਵਧ (ਅ) ਮੇਰਠ

(ੲ) ਝਾਂਸੀ (ਸ) ਬੈਰਕਪੁਰ

11. ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਕਦੋਂ ਹੋਈ?

(ੳ) 25 ਦਸੰਬਰ 1857 ਈ: (ਅ) 28 ਦਸੰਬਰ 1885 ਈ:



https://byjus.com

(ੲ) 19 ਦਸੰਬਰ 1947 ਈ:  (ਸ) 20 ਦਸੰਬਰ 1890 ਈ:

12. ਸਵਰਾਜ ਪਾਰਟੀ ਦੀ ਸਥਾਪਨਾ ਕਿਸਨੇ ਕੀਤੀ?

(ੳ) ਪੰਡਿਤ ਮੋਤੀ ਲਾਲ ਨਹਿਰੂ  (ਅ) ਸੀ.ਆਰ. ਦਾਸ

(ੲ) ਉਪਰੋਕ ਦੋਵੇਂ  (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

13. ਇਹ ਇੱਕ ਕਾਨੂੰਨੀ ਦਸਤਾਵੇਜ਼ ਹੈ। ਇਸ ਅਨੁਸਾਰ ਦੇਸ਼ ਦਾ ਪ੍ਰਸ਼ਾਸਨ ਚਲਾਇਆ ਜਾਂਦਾ ਹੈ, ਇਹ ਕੀ ਹੈ?

(ੳ) ਸੰਵਿਧਾਨ  (ਅ) ਨਿਆਂਪਾਲਿਕਾ

(ੲ) ਕਾਰਜਪਾਲਿਕਾ  (ਸ) ਉਪਰੋਕਤ ਵਿੱਚੋਂ ਕੋਈ ਨਹੀਂ

14. ਡਾਂਡੀ ਨਾਮਕ ਸਥਾਨ ਤੇ ਗਾਂਧੀ ਜੀ ਨੇ ਕਿਹੜੇ ਕਾਨੂੰਨ ਨੂੰ ਤੋੜਿਆ ਸੀ?

(ੳ) ਨਮਕ ਕਾਨੂੰਨ  (ਅ) ਸ਼ਰਾਬ ਕਾਨੂੰਨ

(ੲ) ਦਾਜ ਕਾਨੂੰਨ  (ਸ) ਉਪਰੋਕਤ ਵਿੱਚੋਂ ਕੋਈ ਨਹੀਂ

15. ਆਦਰਸ਼ਾਂ ਲਈ ਕਾਨੂੰਨ ਕਿੱਥੇ ਦਰਜ ਹਨ?

(ੳ) ਕਾਨੂੰਨ ਦੀਆਂ ਕਿਤਾਬਾਂ ਵਿੱਚ  (ਅ) ਪ੍ਰਸਤਾਵਨਾ ਵਿੱਚ

(ੲ) ਭਾਰਤੀ ਸੰਵਿਧਾਨ ਵਿੱਚ  (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

## ਭਾਗ- ਅ

(ਭੂਗੋਲ)  ਕੁੱਲ ਅੰਕ=21

ਵਸਤੂਨਿਸ਼ਠ ਪ੍ਰਸ਼ਨ II : ਖਾਲੀ ਥਾਵਾਂ ਭਰੋ  4×1=4 ਅੰਕ

1. ਸੂਰਜ ਦੀ ਰੌਸ਼ਨੀ,ਹਵਾ ਅਤੇ ਪਾਣੀ ................ਸਾਧਨ ਹਨ।

2. ਅਸਾਮ ਦੀਆਂ ................ ਅਤੇ ਸੁਰਮਾ ਘਾਟੀਆਂ ਚਾਹ ਦੀ ਪੈਦਾਵਾਰ ਲਈ ਪ੍ਰਸਿੱਧ ਹਨ।

ਹੇਠ ਲਿਖਿਆ ਵਿੱਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਜਾਂ ਗਲਤ:

3. ਜੰਗਲੀ ਜੀਵਾਂ ਲਈ ਭਾਰਤੀ ਬੋਰਡ ਦੀ ਸਥਾਪਨਾ 1972 ਵਿੱਚ ਕੀਤੀ ਗਈ।

4. ਉੱਤਰੀ ਅਮਰੀਕਾ ਵਿੱਚ ਚੱਕਰਵਾਤਾਂ ਨੂੰ ਹਰੀਕੇਨ ਕਿਹਾ ਜਾਂਦਾ ਹੈ।



https://byjus.com

ਪ੍ਰਸ਼ਨ III : ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 50 ਸ਼ਬਦਾਂ ਤੱਕ ਦਿਓ। 2×2=4 ਅੰਕ

1. ਮੈਦਾਨਾਂ ਦਾ ਕੀ ਮਹੱਤਵ ਹੈ?

2. ਭੁਚਾਲ ਤੋਂ ਤੁਹਾਡਾ ਕੀ ਭਾਵ ਹੈ। ਇਹ ਕਿਵੇਂ ਮਾਪਿਆ ਜਾਂਦਾ ਹੈ?

ਪ੍ਰਸ਼ਨ IV : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਸ਼ਬਦਾਂ ਤੋ ਵੱਧ ਸ਼ਬਦਾਂ ਵਿੱਚ ਦਿਓ। 2×3=6 ਅੰਕ

1. ਵਿਕਸਿਤ ਅਤੇ ਸੰਭਾਵਿਤ ਸਾਧਨਾਂ ਨੂੰ ਉਦਹਾਰਣ ਸਹਿਤ ਸਮਝਾਓ।

ਜਾਂ

ਚਾਹ ਅਤੇ ਕੌਫ਼ੀ ਦੇ ਪੌਦਿਆਂ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾਂਦੀ ਹੈ?

2. ਸੋਕੇ ਤੋਂ ਬਚਣ ਲਈ ਕਿਹੜੇ-ਕਿਹੜੇ ਕਦਮ ਉਠਾਏ ਜਾ ਸਕਦੇ ਹਨ?

ਜਾਂ

ਮਿੱਟੀ ਸਾਧਨਾਂ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾਂਦੀ ਹੈ?

ਪ੍ਰਸ਼ਨ V : ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੇ 10 ਸਥਾਨਾਂ ਵਿੱਚੋਂ ਕੋਈ 7 ਸਥਾਨ ਭਰੋ। 7×1=7 ਅੰਕ

1. ਭਾਰਤ ਦਾ ਇੱਕ ਉੱਤਰੀ ਮੈਦਾਨ

2. ਬ੍ਰਹਮਪੁੱਤਰ ਦਰਿਆ

3. ਕਾਲੀ ਮਿੱਟੀ ਦਾ ਖੇਤਰ

4. ਕੱਚਾ ਲੋਹਾ ਖੇਤਰ

5. ਸੋਨਾ ਖੇਤਰ

6. ਤਾਂਬਾ ਖੇਤਰ

7. ਅਬਰਕ ਖੇਤਰ

8. ਸਦਾ ਬਹਾਰ ਜੰਗਲਾਂ ਵਾਲਾ ਖੇਤਰ

9. ਕਪਾਹ ਖੇਤਰ

10. ਪਟਸਨ ਖੇਤਰ



https://byjus.com

## ਭਾਗ- ੲ

(ਇਤਿਹਾਸ) ਕੁੱਲ ਅੰਕ=20

ਪ੍ਰਸ਼ਨ **VI** :ਵਸਤੂਨਿਸ਼ਠ ਪ੍ਰਸ਼ਨ 4×1=4 ਅੰਕ

1. ਭਾਰਤ ਵਿੱਚ 16 ਵੀ. ਸਦੀ ਵਿੱਚ ................ਕਾਲ ਸੀ।

2. ਠੇਕੇਦਾਰ ਕਿਸਾਨਾਂ ਨੂੰ ਵੱਧ ਤੋਂ ਵੱਧ .............. ਸਨ।

3. ਭਾਰਤੀ ਸ਼ਹਿਰਾਂ ਅਤੇ ਪਿੰਡਾਂ ਦੇ ਛੋਟੇ ਉਦਯੋਗਾਂ ਦੇ ਪਤਨ ਨਾਲ .............. ਬੇਕਾਰ ਹੋ ਗਏ।

4. ਨਾਨਾ ਸਾਹਿਬ ਦਾ ਪ੍ਰਸਿੱਧ ਜਰਨੈਲ ..............ਸੀ।

ਪ੍ਰਸ਼ਨ **VII** :ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 50 ਸ਼ਬਦਾਂ ਤੱਕ ਦਿਓ। 2×2=4 ਅੰਕ

1. 1857 ਈ. ਦੇ ਵਿਦਰੋਹ ਦੇ ਕਿਹੜੇ ਦੋ ਰਾਜਨੀਤਿਕ ਕਾਰਨ ਸਨ?

2. ਰੈਗੂਲੇਟਿੰਗ ਐਕਟ ਤੇ ਨੋਟ ਲਿਖੋ।

ਪ੍ਰਸ਼ਨ **VIII** :ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਸ਼ਬਦਾਂ ਤੋਂ ਵੱਧ ਸ਼ਬਦਾਂ ਵਿੱਚ ਦਿਓ। 4×3=12 ਅੰਕ

1. ਸਰਕਾਰੀ ਦਸਤਾਵੇਜਾਂ ਤੇ ਨੋਟ ਲਿਖੋ।

ਜਾਂ

ਬਸਤੀਵਾਦ ਤੋਂ ਤੁਹਾਡਾ ਕੀ ਭਾਵ ਹੈ?

2. ਭਾਰਤ ਦੇ ਲਘੂ ਉਦਯੋਗਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਕੀਮਤ ਕਿਉਂ ਵੱਧ ਹੁੰਦੀ ਸੀ?

ਜਾਂ

ਕ੍ਰਾਂਤੀਕਾਰੀ ਅੰਦੋਲਨ ਤੇ ਇੱਕ ਨੋਟ ਲਿਖੋ।

3. ਪੱਛਮੀ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ ਦੱਸੋ।

ਜਾਂ

19 ਵੀਂ ਅਤੇ 20 ਵੀਂ ਸਦੀ ਦੇ ਆਰੰਭ ਵਿੱਚ ਸਾਹਿਤ ਦਾ ਕੀ ਵਿਕਾਸ ਹੋਇਆ?

4. ਬਿਰਸਾ ਮੁੰਡਾ ਬਾਰੇ ਤੁਸੀਂ ਕੀ ਜਾਣਦੇ ਹੋ?

ਜਾਂ

ਭਾਰਤ ਅਤੇ ਪਾਕਿਸਤਾਨ ਦੇ ਸੰਬੰਧਾਂ ਦਾ ਸੰਖੇਪ ਵਰਨਣ ਕਰੋ?

## ਭਾਗ- ਸ

(ਨਾਗਰਿਕ ਸ਼ਾਸਤਰ) ਕੁੱਲ ਅੰਕ=14

ਪ੍ਰਸ਼ਨ **IX** :ਵਸਤੂਨਿਸ਼ਠ ਪ੍ਰਸ਼ਨ 4×1=4 ਅੰਕ

ਖਾਲੀ ਥਾਵਾਂ ਕਰੋ:

1. ਦਾਸ ਰੋਕੂ ਕਾਨੂੰਨ ................ਵਿੱਚ ਬਣਿਆ।

2. ਕੇਵਲ ਧਨ ਬਿੱਲ ਹੀ ............... ਵਿੱਚ ਪੇਸ਼ ਕੀਤਾ ਜਾਂਦਾ ਹੈ।

ਹੇਠ ਲਿਖਿਆਂ ਵਿੱਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਜਾਂ ਗਲਤ:

1. ਨਿਆਂਪਾਲਿਕਾ ਮੌਲਿਕ ਅਧਿਕਾਰਾਂ ਦੀ ਰੱਖਿਅਕ ਹੈ।

ਪ੍ਰਸ਼ਨ **X** :ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 50 ਸ਼ਬਦਾਂ ਤੱਕ ਦਿਓ। 2×2=4 ਅੰਕ

1. ਕਾਨੂੰਨ ਦੀ ਕੀ ਅਹਿਮੀਅਤ ਹੈ?

2. ਪ੍ਰਸਤਾਵਨਾਂ ਵਿੱਚ ਦਰਜ ਆਦਰਸ਼ਾਂ ਨੂੰ ਕਿਵੇਂ ਪੂਰਾ ਕੀਤਾ ਜਾ ਸਕਦਾ ਹੈ।

ਪ੍ਰਸ਼ਨ **XI** :ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਤੱਕ ਦਿਓ। 2×3 =6 ਅੰਕ

1. ਭਾਰਤੀ ਸੰਵਿਧਾਨ ਦਾ ਨਿਰਮਾਣ ਕਿਵੇਂ ਹੋਇਆ?

ਜਾਂ

ਸੋਸ਼ਨ ਵਿਰੁੱਧ ਅਧਿਕਾਰ ਦੀ ਵਿਆਖਿਆ ਕਰੋ।

2. ਰਾਸ਼ਟਰੀ ਏਕਤਾ ਅਤੇ ਅਖੰਡਤਾ ਤੋਂ ਕੀ ਭਾਵ ਹੈ?

ਜਾਂ

ਭਾਰਤੀ ਸੰਸਦ ਦੀ ਬਣਤਰ ਬਾਰੇ ਨੋਟ ਲਿਖੋ।



https://byjus.com